2016

C7

question paper contains 2 printed pages]

**Roll No.** | | | | | | | | | | | |

o. of Question Paper : **8247**

jue Paper Code : **12121303** GC

ie of the Paper : **Modern Punjabi Poetry**

ie of the Course : **B.A. (Hons.) Punjabi**

ester : **III**

ıtion : **3 Hours** Maximum Marks : 75

*(Write your Roll No. on the top immediately on receipt of this question paper.)*

: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਵਿਸਥਾਰ ਸਹਿਤ ਚਰਚਾ ਕਰੋ। 15

ਜਾਂ

ਕਾਵਿ ਸਿਧਾਂਤ ਬਾਰੇ ਪੱਛਮੀ ਕਾਵਿ-ਸ਼ਾਸਤਰੀਆਂ ਦੇ ਦ੍ਰਿਸ਼ਟੀਕੋਣ ਬਾਰੇ ਤੁਸੀਂ ਕੀ ਜਾਣਦੇ ਹੋ ? ਚਰਚਾ ਕਰੋ।

2. ਨਜ਼ਮ ਅਤੇ ਗ਼ਜ਼ਲ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਦੋਹਾਂ ਵਿਚਲਾ ਅੰਤਰ ਸਪੱਸ਼ਟ ਕਰੋ। 10

ਜਾਂ

ਆਧੁਨਿਕ ਦੌਰ ਦਾ ਕਿਹੜਾ ਕਵੀ ਤੁਹਾਨੂੰ ਵਧੇਰੇ ਪਸੰਦ ਹੈ ? ਉਸ ਨਾਲ ਜਾਣ-ਪਛਾਣ ਕਰਾਉ।

3. ਨਿਮਨ-ਲਿਖਤ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ। 15

ਰਾਧਾ ਸੰਦੇਸ਼, ਵਿਛੋੜਾ-ਵਸਲ, ਹੈ ਸ਼ੁਕਰ, ਅਸੀਂ ਲੜਾਂਗੇ ਸਾਥੀ

4. ਹੇਠਾਂ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :- 10

ੳ) ਪਿਆਰ ਨਾਲ ਇਹ ਕਰਨ ਗ਼ੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।

P.T.O.

2016



ਅ) ਮੇਰੇ ਤੋਂ ਆਸ ਨਾ ਕਰਿਉ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

5. ਮੋਹਨ ਸਿੰਘ ਦੀਆਂ ਨਿਮਨ-ਲਿਖਤ ਕਵਿਤਾਵਾਂ ਵਿਚੋਂ ਕਿਸੇ ਇਕ ਦੀ ਆਲੋਚਨਾਤਮਕ ਵਿਆਖਿਆ ਕਰੋ। 15
ਕੁੜੀ ਪੋਠੋਹਾਰ ਦੀ, ਜਾਇਦਾਦ, ਮੈਂ ਹੁੰਦਾ ਜਾਂ ਕੁਝ ਹੋਰ ਹੋਰ

6. ਮੋਹਨ ਸਿੰਘ ਦੀ ਕਾਵਿ-ਕਲਾ ਬਾਰੇ ਸੰਖੇਪ ਚਰਚਾ ਕਰੋ। 10

ਜਾਂ

ਮੋਹਨ ਸਿੰਘ ਦਾ ਪੰਜਾਬੀ ਕਵਿਤਾ ਵਿਚ ਸਥਾਨ ਨਿਸ਼ਚਿਤ ਕਰੋ।